

# ਸਹਿ-ਸੌਣਾ

rednose.org.au


Safe Sleep Advice Hub

**ਸਹਿ-ਸੌਣਾ ਉਦੋਂ ਹੁੰਦਾ ਹੈ ਜਦੋਂ ਮਾਪੇ ਆਪਣੇ ਬੱਚਿਆਂ ਨੂੰ ਸੌਣ ਲਈ ਆਪਣੇ ਨਾਲ ਬਿਸਤਰੇ 'ਤੇ ਪਾਉਂਦੇ ਹਨ।**

ਬੱਚੇ ਲਈ ਸੌਣ ਲਈ ਸਭ ਤੋਂ ਸੁਰੱਖਿਅਤ ਜਗ੍ਹਾ ਉਹਨਾਂ ਦੀ ਆਪਣੀ ਸੁਰੱਖਿਅਤ ਨੀਂਦ ਵਾਲੀ ਥਾਂ ਹੈ। ਰੈੱਡ ਨੋਜ਼ ਸਹਿ-ਸੌਣਾ (ਸੌਣ ਵਾਲੇ ਸਥਾਨ ਨੂੰ ਸਾਂਝਾ) ਕਰਨ ਦੀ ਸਿਫ਼ਾਰਸ਼ ਨਹੀਂ ਕਰਦਾ ਹੈ ; ਹਾਲਾਂਕਿ, ਅਸੀਂ ਸਵੀਕਾਰ ਕਰਦੇ ਹਾਂ ਕਿ ਕੁੱਝ ਮਾਪੇ ਸਹਿ-ਸੌਣਾ ਕਰਨ ਦੀ ਚੋਣ ਕਰਦੇ ਹਨ ਜਦੋਂ ਕਿ ਦੂਸਰੇ ਅਣਜਾਣੇ ਵਿੱਚ ਆਪਣੇ-ਆਪ ਨੂੰ ਸਹਿ-ਸੌਣਾ ਕਰਦੇ ਹੋਏ ਪਾ ਸਕਦੇ ਹਨ। ਜੇਕਰ ਤੁਸੀਂ ਸਹਿ-ਸੌਣ ਕਰਨ ਦੀ ਚੋਣ ਕਰਦੇ ਹੋ, ਤਾਂ ਇਹ ਜਾਣਨਾ ਮਹੱਤਵਪੂਰਨ ਹੈ ਕਿ ਜ਼ੋਖਮਾਂ ਨੂੰ ਕਿਵੇਂ ਘੱਟ ਕਰਨਾ ਹੈ, ਕਿਉਂਕਿ ਕੁੱਝ ਹਾਲਾਤ ਅਜਿਹੇ ਹੁੰਦੇ ਹਨ ਜਿੱਥੇ ਤੁਹਾਡੇ ਬੱਚੇ ਦੇ ਨਾਲ ਸਹਿ-ਸੌਣਾ ਖ਼ਾਸ ਤੌਰ 'ਤੇ ਖ਼ਤਰਨਾਕ ਹੋ ਸਕਦਾ ਹੈ। ਇਹ ਗਾਈਡ ਮੱਦਦ ਕਰ ਸਕਦੀ ਹੈ।

## ਜ਼ੋਖਮਾਂ ਨੂੰ ਘੱਟ ਕਰਨ ਲਈ ਇਹਨਾਂ ਸੁਝਾਵਾਂ ਦਾ ਪਾਲਣ ਕਰੋ

- ਬੱਚੇ ਨੂੰ ਹਮੇਸ਼ਾ ਸੌਣ ਲਈ ਉਨ੍ਹਾਂ ਦੀ ਪਿੱਠ ਭਾਰ ਪਾਓ
- ਬੱਚੇ ਦੇ ਸੌਣ ਲਈ ਖ਼ਾਲੀ ਸੌਣ ਯੋਗ ਜਗ੍ਹਾ ਬਣਾਓ
- ਯਕੀਨੀ ਬਣਾਓ ਕਿ ਬੱਚੇ ਦਾ ਚਿਹਰਾ ਅਤੇ ਸਿਰ ਨੰਗਾ ਰਹੇ
- ਲੰਬੇ ਵਾਲਾਂ ਨੂੰ ਬੰਨ੍ਹੋ ਅਤੇ ਮੂੰਹ ਵਿੱਚ ਪਾਉਣ ਵਾਲੀ ਚੁੰਘਣੀ ਸਮੇਤ ਸਾਰੇ ਗਹਿਣੇ ਹਟਾ ਦਿਓ
- ਯਕੀਨੀ ਬਣਾਓ ਕਿ ਗੱਦਾ ਸਖ਼ਤ ਅਤੇ ਸਮਤਲ ਹੈ
- ਯਕੀਨੀ ਬਣਾਓ ਕਿ ਤੁਹਾਡੇ ਬਿਸਤਰੇ ਅਤੇ ਚਾਦਰਾਂ ਬੱਚੇ ਦੇ ਚਿਹਰੇ ਨੂੰ ਢੱਕ ਨਹੀਂ ਸਕਦੀਆਂ ਹਨ
- ਬੱਚੇ ਨੂੰ ਮਾਤਾ ਜਾਂ ਪਿਤਾ ਵਿੱਚੋਂ ਕਿਸੇ ਇੱਕ ਦੇ ਇੱਕ ਪਾਸੇ ਪਾਓ - ਕਦੇ ਵੀ ਦੋ ਬਾਲਗਾਂ ਦੇ ਵਿਚਕਾਰ ਜਾਂ ਦੂਜੇ ਬੱਚਿਆਂ ਜਾਂ ਪਾਲਤੂ ਜਾਨਵਰਾਂ ਦੇ ਨਾਲ ਨਾ ਪਾਓ
- ਯਕੀਨੀ ਬਣਾਓ ਕਿ ਬੱਚਾ ਬੈੱਡ ਤੋਂ ਡਿੱਗ ਨਾ ਸਕੇ



- ਬੈੱਡ ਨੂੰ ਕੰਧ ਤੋਂ ਦੂਰ ਹਟਾਓ - ਤਾਂ ਜੋ ਬੱਚਾ ਬਿਸਤਰੇ ਅਤੇ ਕੰਧ ਦੇ ਵਿਚਕਾਰ ਨਾ ਫ਼ਸ ਸਕੇ
- ਸਿਰਹਾਣਿਆਂ ਨੂੰ ਬੱਚੇ ਦੇ ਸੌਣ ਵਾਲੀ ਥਾਂ ਤੋਂ ਦੂਰ ਰੱਖੋ
- ਇੱਕ ਸੁਰੱਖਿਅਤ ਸਲੀਪਿੰਗ ਬੈਗ ਦੀ ਵਰਤੋਂ ਕਰੋ ਜਿਸ ਵਿੱਚ ਹੁੱਡ (ਸਿਰ ਵਾਲੀ ਟੋਪੀ) ਨਾ ਹੋਵੇ ਅਤੇ ਬੱਚੇ ਦੀਆਂ ਬਾਹਾਂ ਬਾਹਰ ਹੋਣ - ਬੱਚੇ ਨੂੰ ਲਪੇਟੇ ਜਾਂ ਸਵਾਡੇਲ (ਇੱਕ ਨਰਮ ਕੱਪੜਾ ਜੋ ਬੱਚੇ ਨੂੰ ਗਰਮ ਅਤੇ ਆਰਾਮਦਾਇਕ ਮਹਿਸੂਸ ਕਰਨ ਲਈ ਲਪੇਟਣ ਲਈ ਵਰਤਿਆ ਜਾਂਦਾ ਹੈ) ਨਾ ਕਰੋ।


## ਸਹਿ-ਸੌਣਾ ਕਦੋਂ **ਨਹੀਂ** ਕਰਨਾ ਹੈ


**ਕੁੱਝ ਸਥਿਤੀਆਂ ਵਿੱਚ, ਇੱਕ ਬੱਚੇ ਲਈ ਸਹਿ-ਸੌਣਾ ਬਹੁਤ ਖ਼ਤਰਨਾਕ ਹੋ ਸਕਦਾ ਹੈ।**

- ਜਦੋਂ ਤੁਸੀਂ ਬਹੁਤ ਜ਼ਿਆਦਾ ਥੱਕੇ ਹੋਏ ਜਾਂ ਬਿਮਾਰ ਹੋਵੋ
- ਤੁਸੀਂ ਜਾਂ ਤੁਹਾਡੇ ਸਾਥੀ ਨੇ ਸ਼ਰਾਬ ਪੀਤੀ ਹੋਈ ਹੈ
- ਤੁਸੀਂ ਜਾਂ ਤੁਹਾਡਾ ਸਾਥੀ ਸਿਗਰਟ ਪੀਂਦੇ ਹੋ, ਭਾਵੇਂ ਤੁਸੀਂ ਬੈੱਡਰੂਮ ਵਿੱਚ ਸਿਗਰਟ ਨਹੀਂ ਪੀਂਦੇ ਹੋ
- ਤੁਸੀਂ ਜਾਂ ਤੁਹਾਡੇ ਸਾਥੀ ਨੇ ਕੋਈ ਅਜਿਹੀ ਦਵਾਈ ਲਈ ਹੈ ਜਿਸ ਨਾਲ ਤੁਹਾਨੂੰ ਨੀਂਦ ਆਉਂਦੀ ਜਾਂ ਤੁਸੀਂ ਘੱਟ ਸੁਚੇਤ ਮਹਿਸੂਸ ਕਰਦੇ ਹੋ
- ਬੱਚਾ ਆਪਣੀ ਗਰਭਕਾਲੀ ਉਮਰ ਲਈ ਸਮੇਂ ਤੋਂ ਪਹਿਲਾਂ ਪੈਦਾ ਹੋਇਆ ਜਾਂ ਛੋਟਾ ਹੈ।

**ਇਹ ਸਹਿ-ਸੌਣ ਦੀਆਂ ਸਥਿਤੀਆਂ ਬਹੁਤ ਅਸੁਰੱਖਿਅਤ ਹਨ ਅਤੇ ਇਨ੍ਹਾਂ ਤੋਂ ਬਚਣਾ ਚਾਹੀਦਾ ਹੈ**







ਰੈੱਡ ਨੋਜ਼ ਉਸ ਜ਼ਮੀਨ ਦੇ ਪਰੰਪਰਾਗਤ ਮਾਲਕਾਂ ਨੂੰ ਸਵੀਕਾਰਦਾ ਹੈ ਜਿੱਥੇ ਅਸੀਂ ਕੰਮ ਕਰਦੇ ਹਾਂ, ਰਹਿੰਦੇ ਹਾਂ ਅਤੇ ਦੌਰਾ ਕਰਦੇ ਹਾਂ।

**ਸੁਰੱਖਿਅਤ ਨੀਂਦ ਸਲਾਹ ਹੱਬ**
ਰੈੱਡ ਨੋਜ਼ ਸੁਰੱਖਿਅਤ ਨੀਂਦ ਸਲਾਹ ਹੱਬ (Red Nose Safe Sleep Advice Hub)
**1300 998 698 (AEST/AEDT ਕਾਰੋਬਾਰੀ ਘੰਟਿਆਂ ਦੌਰਾਨ)**
**education@rednose.org.au**
**rednose.org.au/safesleep**

red nose saving little lives

© 2020, 2022 Red Nose Limited. ਸਾਰੇ ਹੱਕ ਰਾਖਵੇਂ ਹਨ।
ਕਾਪੀਰਾਈਟ ਪੁੱਛਗਿੱਛ ਲਈ ਸੰਪਰਕ ਕਰੋ: education@rednose.org.au